# ਸਮਝ ਦਾ ਬਿਆਨ
# ਗੋਦ ਲੈਣ ਦਾ ਸੁਤੰਤਰ ਪ੍ਰੋਗਰਾਮ

ਤੁਸੀਂ ਗੋਦ ਲੈਣ ਲਈ ਸਹਿਮਤੀ 'ਤੇ ਦਸਤਖਤ ਕਰਕੇ ਆਪਣੇ ਬੱਚੇ ਦੇ ਗੋਦ ਲਏ ਜਾਣ ਬਾਰੇ ਸਹਿਮਤੀ ਦੇਵੋਗੇ। ਸਹਿਮਤੀ ਦੇਣ ਦਾ ਅਰਥ ਹੈ ਕਿ ਤੁਸੀਂ ਸੰਭਾਵੀ ਗੋਦ ਲੈਣ ਵਾਲੇ ਮਾਪੇ(ਮਾਪਿਆਂ) ਕੋਲ ਆਪਣੇ ਬੱਚੇ ਨੂੰ ਉਸ/ਉਹਨਾਂ ਦੀ ਇੱਛਾ ਮੁਤਾਬਕ ਪਾਲਣ ਲਈ ਸਥਾਈ ਸਪੁਰਦਗੀ ਵਾਸਤੇ ਸਹਿਮਤ ਹੁੰਦੇ ਹੋ। ਜਦੋਂ ਗੋਦ ਲੈਣ ਦੀ ਬੇਨਤੀ ਪ੍ਰਵਾਨ ਕਰ ਲਈ ਜਾਂਦੀ ਹੈ, ਤਾਂ ਤੁਹਾਡਾ ਆਪਣੇ ਬੱਚੇ 'ਤੇ ਮਾਪੇ ਵੱਜੋਂ ਕੋਈ ਹੋਰ ਅਧਿਕਾਰ ਨਹੀਂ ਰਹੇਗਾ।

ਇਸ ਫਾਰਮ 'ਤੇ ਦਸਤਖਤ ਕਰਨ ਅਤੇ ਗੋਦ ਲੈਣ ਵਾਲੇ ਫਾਰਮ 'ਤੇ ਸਹਿਮਤੀ ਦੇਣ ਤੋਂ ਪਹਿਲਾਂ, ਏਜੰਸੀ ਜਾਂ ਕੈਲੇਫੋਰਨੀਆ ਡਿਪਾਰਟਮੈਂਟ ਆਫ ਸੋਸ਼ਲ ਸਰਵਿਸਿਜ਼ ਦੇ ਪ੍ਰਤਿਨਿਧੀ ਨਾਲ ਵਿਚਾਰ-ਵਟਾਂਦਰਾ ਕਰਕੇ ਨਾਲ ਨੱਥੀ ਹਰੇਕ ਬਿਆਨ ਨੂੰ ਪੜ੍ਹੋ।

ਯਕੀਨੀ ਬਣਾਓ ਕਿ ਤੁਸੀਂ ਉਸ ਕਿਸੇ ਵੀ ਬਿਆਨ ਬਾਰੇ ਪ੍ਰਸ਼ਨ ਪੁੱਛਦੇ ਹੋ ਜੋ ਤੁਹਾਨੂੰ ਸਮਝ ਨਹੀਂ ਆਉਂਦਾ। ਆਪਣੇ ਬੱਚੇ ਲਈ ਗੋਦ ਲਏ ਜਾਣ ਦੀ ਸਹਿਮਤੀ ਦੇਣਾ ਇੱਕ ਬੇਹਦ ਅਹਿਮ ਫੈਸਲਾ ਹੈ। ਤੁਹਾਨੂੰ ਆਪਣਾ ਫੈਸਲਾ ਲੈਣ ਤੋਂ ਪਹਿਲਾਂ ਸਾਰੇ ਤੱਥਾਂ ਅਤੇ ਨਤੀਜਿਆਂ ਤੋਂ ਜਾਣੂ ਹੋਣਾ ਚਾਹੀਦਾ ਹੈ।

**ਇਸ ਸਮਝ ਦੇ ਬਿਆਨ ਨੂੰ ਕਿਵੇਂ ਭਰਨਾ ਹੈ, ਇਸ ਬਾਰੇ ਹਦਾਇਤਾਂ:**

**ਇਸ ਤੋਂ ਪਹਿਲਾਂ ਕਿ ਤੁਸੀਂ ਇਸ ਸਮਝ ਦੇ ਬਿਆਨ 'ਤੇ ਦਸਤਖਤ ਕਰੋ ਅਤੇ ਗੋਦ ਲੈਣ ਬਾਰੇ ਸਹਿਮਤੀ ਦਿਓ, ਕਿਰਪਾ ਕਰਕੇ ਏਜੰਸੀ ਦੇ ਪ੍ਰਤਿਨਿਧੀ ਨਾਲ ਇਹਨਾਂ ਦੋਵਾਂ ਨੂੰ ਬਹੁਤ ਧਿਆਨ ਨਾਲ ਪੜ੍ਹੋ। ਯਕੀਨੀ ਬਣਾਓ ਕਿ ਤੁਸੀਂ ਉਸ ਕਿਸੇ ਵੀ ਚੀਜ਼ ਬਾਰੇ ਪ੍ਰਸ਼ਨ ਪੁੱਛਦੇ ਹੋ ਜੋ ਤੁਹਾਨੂੰ ਸਮਝ ਨਹੀਂ ਆਉਂਦੀ।**

1. *ਇਸ ਸਮਝ ਦੇ ਬਿਆਨ ਨੂੰ ਸਿਰਫ ਉਸ ਤੋਂ ਬਾਅਦ ਹੀ ਪੂਰਾ ਕਰੋ ਜਦੋਂ ਤੁਸੀਂ ਆਪਣੇ ਬੱਚੇ ਦੀ ਸਥਾਈ ਸਪੁਰਦਗੀ ਬਾਰੇ ਧਿਆਨ ਨਾਲ ਵਿਚਾਰ ਕਰ ਲਿਆ ਹੋਵੇ ਅਤੇ ਤੁਸੀਂ ਇਸ ਬਾਰੇ ਯਕੀਨੀ ਹੋਵੋ ਕਿ ਤੁਸੀਂ ਚਾਹੁੰਦੇ ਹੋ ਕਿ ਸੰਭਾਵੀ ਗੋਦ ਲੈਣ ਵਾਲੇ ਮਾਪੇ(ਮਾਪਿਆਂ) ਦੁਆਰਾ ਤੁਹਾਡੇ ਬੱਚੇ ਨੂੰ ਗੋਦ ਲਿਆ ਜਾਵੇ ਅਤੇ ਉਸ/ਉਹਨਾਂ ਵੱਲੋਂ ਉਸ ਦਾ ਪਾਲਣ-ਪੋਸਣ ਕੀਤਾ ਜਾਵੇ।*

2. *ਇਸ ਦਸਤਾਵੇਜ਼ ਵਿੱਚ ਹਰੇਕ ਬਿਆਨ ਨੂੰ ਬੇਹਦ ਧਿਆਨ ਨਾਲ ਪੜ੍ਹੋ। ਜੇ ਤੁਸੀਂ ਬਿਆਨ ਨੂੰ ਨਹੀਂ ਸਮਝਦੇ, ਤਾਂ ਏਜੰਸੀ ਦੇ ਪ੍ਰਤਿਨਿਧੀ ਨੂੰ ਇਸ ਬਾਰੇ ਉਦੋਂ ਤਕ ਸਪਸ਼ਟ ਕਰਨ ਲਈ ਕਹੋ ਜਦੋਂ ਤਕ ਤੁਸੀਂ ਪੂਰੀ ਤਰ੍ਹਾਂ ਨਾਲ ਨਹੀਂ ਸਮਝ ਜਾਂਦੇ।*

3. *ਜੇ ਤੁਸੀਂ ਇਸ ਬਿਆਨ ਨੂੰ ਸਮਝ ਲੈਂਦੇ ਹੋ ਅਤੇ ਸਹਿਮਤ ਹੁੰਦੇ ਹੋ, ਤਾਂ ਉਸ ਬਿਆਨ ਦੇ ਨੰਬਰ ਦੇ ਨਾਲ ਲਾਈਨ 'ਤੇ ਆਪਣੇ ਛੋਟੇ ਦਸਤਖਤ ਕਰੋ।*

4. *ਜੇ ਤੁਸੀਂ ਸਹਿਮਤ ਨਹੀਂ ਹੋ, ਜਾਂ ਏਜੰਸੀ ਦੇ ਪ੍ਰਤਿਨਿਧੀ ਦੀ ਵਿਆਖਿਆ ਤੋਂ ਬਾਅਦ ਵੀ ਤੁਹਾਨੂੰ ਬਿਆਨ ਸਮਝ ਨਹੀਂ ਆਉਂਦਾ, ਤਾਂ ਲਾਈਨ 'ਤੇ ਛੋਟੇ ਦਸਤਖਤ ਨਾ ਕਰੋ। ਆਪਣਾ ਫੈਸਲਾ ਲੈਣ ਲਈ ਹੋਰ ਜ਼ਿਆਦਾ ਮਦਦ ਅਤੇ ਸਮੇਂ ਦੀ ਮੰਗ ਕਰੋ।*

5. *ਜੇ ਤੁਸੀਂ ਸਾਰੀਆਂ ਲਾਈਨਾਂ 'ਤੇ ਛੋਟੇ ਦਸਤਖਤ ਕਰ ਦਿੱਤੇ ਹਨ, ਤਾਂ ਇਸ ਫਾਰਮ ਦੇ ਪੰਨਾ 5 'ਤੇ ਆਪਣੇ ਨਾਮ ਦੇ ਦਸਤਖਤ ਕਰੋ।*

6. *ਜਦੋਂ ਇਸ ਸਮਝ ਦੇ ਬਿਆਨ ਅਤੇ ਗੋਦ ਲੈਣ ਲਈ ਸਹਿਮਤੀ ਫਾਰਮ ਨੂੰ ਭਰ ਲਿਆ ਜਾਵੇਗਾ ਤਾਂ ਤੁਹਾਨੂੰ ਇਸ ਦੀ ਇੱਕ ਨਕਲ ਮਿਲੇਗੀ।*

**ਇਸ ਫਾਰਮ ਨੂੰ ਲਾਜ਼ਮੀ ਤੌਰ 'ਤੇ ਅੱਗੇ ਦਿੱਤੇ ਫਾਰਮਾਂ ਵਿੱਚੋਂ ਕਿਸੇ ਇੱਕ ਫਾਰਮ ਨਾਲ ਵਰਤਿਆ ਜਾਣਾ ਚਾਹੀਦਾ ਹੈ।**
**AD 1A, AD 1F, AD 165, ਜਾਂ AD 4336**

# ਸਮਝ ਦਾ ਬਿਆਨ

## ਮਾਤਾ/ਪਿਤਾ ਜਿਸ ਨੇ ਗੋਦ ਲੈਣ ਵਾਲੇ ਸੰਭਾਵੀ ਮਾਪੇ(ਮਾਪਿਆਂ) ਨੂੰ ਬੱਚੇ ਦੀ ਭੌਤਿਕ ਨਿਗਰਾਨੀ ਦਿੱਤੀ।

____1. ਮੈਂ ਚਾਹੁੰਦਾ ਹਾਂ ਕਿ ਮੇਰਾ ਬੱਚਾ, ____________________________________________, ਸਥਾਈ ਰੂਪ ਵਿੱਚ
ਬੱਚੇ ਦਾ ਨਾਮ

________________________________________ ਨੂੰ ਗੋਦ ਲੈਣ ਲਈ ਦੇ ਦਿੱਤਾ ਜਾਵੇ।
ਗੋਦ ਲੈਣ ਵਾਲੇ ਸੰਭਾਵੀ ਮਾਤਾ/ਪਿਤਾ (ਮਾਪਿਆਂ) ਦਾ(ਦੇ) ਨਾਮ

____ 2. ਮੈਂ ਗੋਦ ਲੈਣ ਵਾਲੇ ਸੰਭਾਵੀ ਮਾਪੇ(ਮਾਪਿਆਂ) ਨੂੰ ਆਪਣੇ ਬੱਚੇ ਦੇ ਮਾਤਾ/ਪਿਤਾ(ਮਾਪੇ) ਬਣਨ ਦੇਣ ਦੀ ਫੈਸਲਾ ਉਸ/ਉਹਨਾਂ ਬਾਰੇ ਘੱਟੋ-ਘੱਟ ਅੱਗੇ ਦਿੱਤੀ ਜਾਣਕਾਰੀ ਦੇ ਆਪਣੇ ਨਿੱਜੀ ਗਿਆਨ ਦੇ ਅਧਾਰ 'ਤੇ ਕੀਤਾ ਹੈ।

ਗੋਦ ਲੈਣ ਵਾਲਾ ਪਹਿਲਾ ਸੰਭਾਵੀ ਮਾਤਾ/ਪਿਤਾ:

ਪੂਰਾ ਕਨੂੰਨੀ ਨਾਮ: ________________________________________

ਉਮਰ:____________ ਧਰਮ:__________________ ਨਸਲ ਅਤੇ ਨਸਲੀ ਮੂਲ: ______________

ਪਿਛਲੇ ਵਿਆਹਾਂ ਦੀ ਸੰਖਿਆ:______________ ਰੁਜ਼ਗਾਰ: ______________________

ਸਧਾਰਨ ਰੁਜ਼ਾਨਾ ਗਤੀਵਿਧੀ ਨੂੰ ਪ੍ਰਤਿਬੰਧਤ ਕਰਨ ਵਾਲੀ ਜਾਂ ਸਧਾਰਨ ਜ਼ਿੰਦਗੀ ਦੀ ਉਮੀਦ ਨੂੰ ਘਟਾਉਣ ਵਾਲੀ ਸਿਹਤ ਸਬੰਧੀ ਸਮੱਸਿਆ:

____________________________________________________

____________________________________________________

ਬੱਚੇ ਜੋ ਘਰ ਵਿੱਚ ਨਹੀਂ ਰਹਿੰਦੇ ਹਨ; ਇਹਨਾਂ ਬੱਚਿਆਂ ਲਈ ਬਾਲ ਸਹਾਇਤਾ ਜ਼ਿੰਮੇਵਾਰੀ; ਅਤੇ ਬਾਲ ਸਹਾਇਤਾ ਜ਼ਿੰਮੇਵਾਰੀ ਨੂੰ ਪੂਰਾ ਨਾ ਕਰਨ ਵਿੱਚ ਕੋਈ ਵੀ ਅਸਫਲਤਾ:

____________________________________________________

____________________________________________________

ਮਾਮੂਲੀ ਟ੍ਰੈਫਿਕ ਉਲੰਘਣਾਵਾਂ ਦੇ ਇਲਾਵਾ ਕਿਸੇ ਵੀ ਅਪਰਾਧਾਂ ਲਈ ਗ੍ਰਿਫਤਾਰੀ ਜਾਂ ਦੋਸ਼ ਸਿੱਧੀਆਂ ਦਾ ਕੋਈ ਵੀ ਇਤਿਹਾਸ।

____________________________________________________

____________________________________________________

ਬਾਲ ਦੁਰਵਿਹਾਰ ਜਾਂ ਅਣਗਹਿਲੀ ਦੇ ਕਾਰਨ ਬੱਚਿਆਂ ਨੂੰ ਦੇਖਭਾਲ ਤੋਂ ਹਟਾਏ ਜਾਣ ਦੀ ਕੋਈ ਵੀ ਘਟਨਾ।

____________________________________________________

____________________________________________________

ਗੋਦ ਲੈਣ ਵਾਲਾ ਦੂਜਾ ਸੰਭਾਵੀ ਮਾਤਾ/ਪਿਤਾ:

ਪੂਰਾ ਕਨੂੰਨੀ ਨਾਮ: ________________________________________

ਉਮਰ:____________ ਧਰਮ:__________________ ਨਸਲ ਅਤੇ ਨਸਲੀ ਮੂਲ: ______________

ਪਿਛਲੇ ਵਿਆਹਾਂ ਦੀ ਸੰਖਿਆ:______________ ਰੁਜ਼ਗਾਰ: ______________________

ਸਧਾਰਨ ਰੁਜ਼ਾਨਾ ਗਤੀਵਿਧੀ ਨੂੰ ਪ੍ਰਤਿਬੰਧਤ ਕਰਨ ਵਾਲੀ ਜਾਂ ਸਧਾਰਨ ਜ਼ਿੰਦਗੀ ਦੀ ਉਮੀਦ ਨੂੰ ਘਟਾਉਣ ਵਾਲੀ ਸਿਹਤ ਸਬੰਧੀ ਸਮੱਸਿਆ:

____________________________________________________

____________________________________________________

ਬੱਚੇ ਜੋ ਘਰ ਵਿੱਚ ਨਹੀਂ ਰਹਿੰਦੇ ਹਨ; ਇਹਨਾਂ ਬੱਚਿਆਂ ਲਈ ਬਾਲ ਸਹਾਇਤਾ ਜ਼ਿੰਮੇਵਾਰੀ; ਅਤੇ ਬਾਲ ਸਹਾਇਤਾ ਜ਼ਿੰਮੇਵਾਰੀ ਨੂੰ ਪੂਰਾ ਨਾ ਕਰਨ ਵਿੱਚ ਕੋਈ ਵੀ ਅਸਫਲਤਾ:

____________________________________________________

____________________________________________________

ਮਾਮੂਲੀ ਟ੍ਰੈਫਿਕ ਉਲੰਘਣਾਵਾਂ ਦੇ ਇਲਾਵਾ ਕਿਸੇ ਵੀ ਅਪਰਾਧਾਂ ਲਈ ਗ੍ਰਿਫਤਾਰੀ ਜਾਂ ਦੋਸ਼ ਸਿੱਧੀਆਂ ਦਾ ਕੋਈ ਵੀ ਇਤਿਹਾਸ।

____________________________________________________

____________________________________________________

ਬਾਲ ਦੁਰਵਿਹਾਰ ਜਾਂ ਅਣਗਹਿਲੀ ਦੇ ਕਾਰਨ ਬੱਚਿਆਂ ਨੂੰ ਦੇਖਭਾਲ ਤੋਂ ਹਟਾਏ ਜਾਣ ਦੀ ਕੋਈ ਵੀ ਘਟਨਾ।

____________________________________________________

____________________________________________________

ਪਰਿਵਾਰ:

ਵਰਤਮਾਨ ਵਿਆਹ ਦੀ ਮਿਆਦ: ______________________________

ਆਮ ਰਿਹਾਇਸ਼ ਦਾ ਸਥਾਨ ਜਾਂ, ਜੇ ਬੇਨਤੀ ਕੀਤੀ ਜਾਂਦੀ ਹੈ, ਤਾਂ ਨਿਸ਼ਚਿਤ ਪਤਾ:

______________________________

______________________________

ਗੋਦ ਲੈਣ ਵਾਲੇ ਸੰਭਾਵੀ ਮਾਪੇ (ਮਾਪਿਆਂ) ਦੇ ਘਰ ਵਿੱਚ ਰਹਿ ਰਹੇ ਹੋਰ ਬੱਚੇ ਅਤੇ ਬਾਲਗ:

______________________________

______________________________

____3. ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੈਂ ਗੋਦ ਲੈਣ ਲਈ ਸਹਿਮਤੀ ਨਹੀਂ ਦਿੰਦਾ/ਦਿੰਦੀ ਹਾਂ ਤਾਂ ਮੈਂ ਗੋਦ ਲੈਣ ਲਈ ਸਹਿਮਤੀ ਦੇਣ ਦੀ ਮਨਾਹੀ ਫਾਰਮ (AD 20) 'ਤੇ ਦਸਤਖਤ ਕਰ ਸਕਦਾ/ਸਕਦੀ ਹਾਂ ਜਾਂ ਗੋਦ ਲੈਣ ਸਬੰਧੀ ਏਜੰਸੀ ਨੂੰ ਚਿੱਠੀ ਲਿਖ ਸਕਦਾ/ਸਕਦੀ ਹਾਂ ਅਤੇ ਗੋਦ ਲੈਣ ਸਬੰਧੀ ਏਜੰਸੀ ਅਦਾਲਤ ਨੂੰ ਇਹ ਰਿਪੋਰਟ ਕਰੇਗੀ ਕਿ ਮੈਂ ਨਹੀਂ ਚਾਹੁੰਦਾ/ਚਾਹੁੰਦੀ ਕਿ ਗੋਦ ਲੈਣ ਵਾਲੇ ਸੰਭਾਵੀ ਮਾਪਾ(ਮਾਪੇ) ਮੇਰੇ ਬੱਚੇ ਨੂੰ ਗੋਦ ਲਵੇ(ਲੈਣ)।

____4. ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੈਂ ਗੋਦ ਲੈਣ ਵਾਲੇ ਸਹਿਮਤੀ ਫਾਰਮ 'ਤੇ ਦਸਤਖਤ ਨਹੀਂ ਕਰਦਾ/ਕਰਦੀ ਹਾਂ ਤਾਂ ਮੈਂ ਇਹ ਬੇਨਤੀ ਕਰ ਸਕਦਾ/ਸਕਦੀ ਹਾਂ ਕਿ ਮੇਰਾ ਬੱਚਾ ਮੈਨੂੰ ਵਾਪਸ ਕਰ ਦਿੱਤਾ ਜਾਵੇ। ਜੇ ਗੋਦ ਲੈਣ ਵਾਲੇ ਸੰਭਾਵੀ ਮਾਪਾ(ਮਾਪੇ) ਮੇਰਾ ਬੱਚਾ ਮੈਨੂੰ ਵਾਪਸ ਨਹੀਂ ਕਰਦੇ, ਤਾਂ ਮੈਂ ਅਦਾਲਤ ਨੂੰ ਮੇਰਾ ਬੱਚਾ ਮੈਨੂੰ ਵਾਪਸ ਦੇਣ ਲਈ ਕਹਿ ਸਕਦਾ/ਸਕਦੀ ਹਾਂ। ਅਜਿਹਾ ਕਰਨ ਵਿੱਚ ਮਦਦ ਲਈ ਸੰਭਾਵੀ ਤੌਰ 'ਤੇ ਮੈਨੂੰ ਵਕੀਲ ਦੀ ਲੋੜ ਪਵੇਗੀ।

____5. ਮੈਂ ਸਮਝਦਾ/ਸਮਝਦੀ ਹਾਂ ਕਿ ਗੋਦ ਲੈਣ ਦੀ ਸੁਤੰਤਰ ਪ੍ਰਕਿਰਿਆ ਵਿੱਚ ਆਪਣੀ ਮਦਦ ਕਰਨ ਲਈ ਮੇਰੇ ਕੋਲ ਵਕੀਲ ਲੱਭਣ ਦਾ ਹੱਕ ਹੈ ਅਤੇ ਇਹ ਕਿ ਸੰਭਾਵੀ ਮਾਪੇ(ਮਾਪਿਆਂ) ਨੂੰ ਅਜਿਹੀ ਕਾਨੂੰਨੀ ਸਲਾਹ ਲਈ, $500 ਤਕ, ਦੀ ਲਾਗਤ ਅਦਾ ਕਰਨ ਦੀ ਲੋੜ ਪੈ ਸਕਦੀ ਹੈ, ਜਦੋਂ ਤਕ ਗੋਦ ਲੈਣ ਵਾਲੇ ਸੰਭਾਵੀ ਮਾਪਾ(ਮਾਪੇ) ਅਤੇ ਮੈਂ ਇਸ ਤੋਂ ਵੱਧ ਰਕਮ ਲਈ ਸਹਿਮਤ ਨਹੀਂ ਹੁੰਦੇ।

____6. ਮੈਂ ਸਮਝਦਾ/ਸਮਝਦੀ ਹਾਂ ਕਿ ਮੈਂ ਆਪਣੇ ਬੱਚੇ ਨੂੰ ਗੋਦ ਦੇਣ ਦੀ ਆਪਣੀ ਯੋਜਨਾ ਬਾਰੇ ਹੋਰਨਾਂ ਪੇਸ਼ੇਵਰ ਲੋਕਾਂ, ਆਪਣੇ ਪਰਿਵਾਰ, ਅਤੇ ਦੋਸਤਾਂ ਨਾਲ ਗੱਲ ਕਰ ਸਕਦਾ/ਸਕਦੀ ਹਾਂ।

____7. ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੈਂ ਇਸ ਬਾਰੇ ਯਕੀਨੀ ਨਹੀਂ ਹਾਂ ਕਿ ਮੈਂ ਆਪਣੇ ਬੱਚੇ ਨੂੰ ਗੋਦ ਦੇਣਾ ਚਾਹੁੰਦਾ/ਚਾਹੁੰਦੀ ਹਾਂ, ਤਾਂ ਅਜਿਹੀਆਂ ਹੋਰ ਥਾਂਵਾਂ ਹਨ ਜਿੱਥੇ ਏਜੰਸੀ ਮੈਨੂੰ ਭੇਜ ਸਕਦੀ ਹੈ ਜੋ ਮੇਰੇ ਪਰਿਵਾਰ, ਸਿਹਤ, ਪੈਸੇ, ਅਤੇ ਹੋਰ ਸਮੱਸਿਆਵਾਂ ਦੇ ਸਬੰਧ ਵਿੱਚ ਮੇਰੀ ਮਦਦ ਕਰ ਸਕਦੀਆਂ ਹਨ।

____8. ਮੈਂ ਸਮਝਦਾ/ਸਮਝਦੀ ਹਾਂ ਕਿ ਗੋਦ ਲੈਣ ਦੇ ਫਾਰਮ ਲਈ ਸਹਿਮਤੀ ਉਸ ਸਮੇਂ ਖੁਦ-ਬ-ਖੁਦ ਗੋਦ ਲੈਣ ਲਈ ਰੱਦ ਨਾ ਕੀਤੀ ਜਾ ਸਕਣ ਵਾਲੀ ਸਹਿਮਤੀ ਬਣ ਜਾਵੇਗੀ ਜਦੋਂ ਜਾਂ ਤਾਂ 30 ਦਿਨ ਦੀ ਮਿਆਦ ਪੂਰੀ ਹੋ ਜਾਂਦੀ ਹੈ ਜਾਂ ਜਦੋਂ ਮੈਂ ਸਹਿਮਤੀ ਰੱਦ ਕਰਨ ਦੇ ਅਧਿਕਾਰ ਦਾ ਤਿਆਗ (AD 929) 'ਤੇ ਦਸਤਖਤ ਕਰਦਾ/ਕਰਦੀ ਹਾਂ, ਜੋ ਵੀ ਪਹਿਲਾਂ ਹੁੰਦਾ ਹੈ। 30-ਦਿਨਾਂ ਦੀ ਮਿਆਦ ਦਾ ਪਹਿਲਾ ਦਿਨ ਉਹ ਦਿਨ ਹੈ ਜਦੋਂ ਗੋਦ ਲੈਣ ਦੀ ਸਹਿਮਤੀ ਦੇ ਫਾਰਮ 'ਤੇ ਦਸਤਖਤ ਕੀਤੇ ਜਾਂਦੇ ਹਨ।

____9. ਮੈਂ ਸਮਝਦਾ/ਸਮਝਦੀ ਹਾਂ ਕਿ ਗੋਦ ਦੇਣ ਲਈ ਸਹਿਮਤੀ ਦੇ ਫਾਰਮ 'ਤੇ ਦਸਤਖਤ ਕਰਨ ਤੋਂ ਬਾਅਦ ਜੇ ਮੈਂ ਆਪਣਾ ਵਿਚਾਰ ਬਦਲ ਲੈਂਦਾ/ਲੈਂਦੀ ਹਾਂ, ਤਾਂ ਮੈਨੂੰ ਲਾਜ਼ਮੀ ਤੌਰ 'ਤੇ ਕੈਲੀਫੋਰਨੀਆ ਡਿਪਾਰਟਮੈਂਟ ਆਫ ਸੋਸ਼ਲ ਸਰਵਿਸਿਜ਼ ਜਾਂ ਨਾਮਾਂਕਿਤ ਕਾਉਂਟੀ ਦੀ ਗੋਦ ਲੈਣ ਸਬੰਧੀ ਏਜੰਸੀ, ਜੋ ਕੋਈ ਵੀ ਪ੍ਰਸਤਾਵਤ ਗੋਦ ਲੈਣ ਦੀ ਜਾਂਚ-ਪੜਤਾਲ ਕਰ ਰਹੀ ਹੁੰਦੀ ਹੈ, ਨੂੰ ਗੋਦ ਲੈਣ ਦੀ ਸਹਿਮਤੀ ਰੱਦ ਕਰਨ ਅਤੇ ਬੱਚੇ ਨੂੰ ਮੈਨੂੰ ਵਾਪਸ ਦੇਣ ਦੀ ਬੇਨਤੀ ਬਾਰੇ ਲਿਖਤੀ ਬਿਆਨ 'ਤੇ ਦਸਤਖਤ ਕਰਕੇ ਇਹ ਉਹਨਾਂ ਦੇ ਸਪੁਰਦ ਕਰਨਾ ਚਾਹੀਦਾ ਹੈ। 30 ਦਿਨਾਂ ਦੀ ਮਿਆਦ ਖਤਮ ਹੋਣ ਤੋਂ ਬਾਅਦ ਜਾਂ ਮੇਰੇ ਵੱਲੋਂ ਸਹਿਮਤੀ ਰੱਦ ਕਰਨ ਦੇ ਅਧਿਕਾਰ ਦਾ ਤਿਆਗ (AD 929) 'ਤੇ ਦਸਤਖਤ ਕਰਨ ਤੋਂ ਬਾਅਦ, ਜੋ ਵੀ ਪਹਿਲਾਂ ਹੁੰਦਾ ਹੈ, ਮੈਂ ਗੋਦ ਲੈਣ ਲਈ ਸਹਿਮਤੀ ਨੂੰ ਰੱਦ ਨਹੀਂ ਕਰ ਸਕਦਾ/ਸਕਦੀ। 30-ਦਿਨਾਂ ਦੀ ਮਿਆਦ ਦਾ ਪਹਿਲਾ ਦਿਨ ਉਹ ਦਿਨ ਹੈ ਜਦੋਂ ਗੋਦ ਲੈਣ ਦੀ ਸਹਿਮਤੀ ਦੇ ਫਾਰਮ 'ਤੇ ਦਸਤਖਤ ਕੀਤੇ ਜਾਂਦੇ ਹਨ।

____10. ਮੈਂ ਸਮਝਦਾ/ਸਮਝਦੀ ਹਾਂ ਕਿ ਜਦੋਂ ਗੋਦ ਲੈਣ ਲਈ ਸਹਿਮਤੀ ਰੱਦ ਨਾ ਕੀਤੀ ਜਾ ਸਕਣ ਯੋਗ ਬਣ ਜਾਂਦੀ ਹੈ, ਤਾਂ ਮੈਂ ਆਪਣੀ ਬੱਚੇ ਦੀ ਮੁੜ ਤੋਂ ਨਿਗਰਾਨੀ ਤਾਂ ਹੀ ਲੈ ਸਕਦਾ/ਸਕਦੀ ਹਾਂ ਜੇ ਗੋਦ ਲੈਣ ਵਾਲੇ ਸੰਭਾਵੀ ਮਾਤਾ/ਪਿਤਾ(ਮਾਪੇ) ਗੋਦ ਲੈਣ ਲਈ ਆਪਣੇ ਪਟੀਸ਼ਨ ਨੂੰ ਵਾਪਸ ਲੈ ਲੈਂਦੇ ਹਨ ਜਾਂ ਜੇ ਅਦਾਲਤ ਗੋਦ ਲੈਣ ਦੇ ਪਟੀਸ਼ਨ ਨੂੰ ਨਕਾਰ ਦਿੰਦੀ ਹੈ।

____11. ਮੈਂ ਸਮਝਦਾ/ਸਮਝਦੀ ਹਾਂ ਕਿ ਅਦਾਲਤ ਵੱਲੋਂ ਗੋਦ ਲੈਣ ਦੀ ਮਨਜ਼ੂਰੀ ਦੇਣ ਤਕ ਮੈਂ ਆਪਣੇ ਬੱਚੇ ਲਈ ਕਾਨੂੰਨੀ ਤੌਰ 'ਤੇ ਜ਼ਿੰਮੇਵਾਰ ਬਣਿਆ ਰਹਾਂਗਾ/ਰਹਾਂਗੀ। ਜੇ ਗੋਦ ਲੈਣ ਦਾ ਪਟੀਸ਼ਨ ਵਾਪਸ ਲੈ ਲਿਆ ਜਾਂਦਾ ਹੈ, ਰੱਦ ਕਰ ਦਿੱਤਾ ਜਾਂਦਾ ਹੈ, ਜਾਂ ਨਕਾਰ ਦਿੱਤਾ ਜਾਂਦਾ ਹੈ, ਤਾਂ ਏਜੰਸੀ ਮੈਨੂੰ ਸੂਚਿਤ ਕਰੇਗੀ ਅਤੇ ਇਹ ਬੇਨਤੀ ਕਰੇਗੀ ਕਿ ਮੈਂ ਆਪਣੇ ਬੱਚੇ ਲਈ ਹੋਰ ਯੋਜਨਾਵਾਂ ਬਣਾਵਾਂ। ਮੈਂ ਸਮਝਦਾ/ਸਮਝਦੀ ਹਾਂ ਕਿ ਮੈਨੂੰ ਲਾਜ਼ਮੀ ਤੌਰ 'ਤੇ ਏਜੰਸੀ ਨੂੰ ਆਪਣੇ ਮੌਜੂਦਾ ਪਤੇ ਬਾਰੇ ਸੂਚਿਤ ਰੱਖਣਾ ਚਾਹੀਦਾ ਹੈ।

____12. ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੈਂ ਪ੍ਰਸਤਾਵਤ ਗੋਦ ਲੈਣ ਬਾਰੇ ਜਾਂਚ ਕਰ ਰਹੀਂ ਏਜੰਸੀ ਤੋਂ ਭਵਿੱਖ ਵਿੱਚ ਕਿਸੇ ਵੀ ਸਮੇਂ ਜਾਣਕਾਰੀ ਮੰਗਦਾ/ਮੰਗਦੀ ਹਾਂ, ਤਾਂ ਏਜੰਸੀ ਨੂੰ ਲਾਜ਼ਮੀ ਤੌਰ 'ਤੇ ਮੇਰੇ ਬੱਚੇ ਦੇ ਗੋਦ ਲੈਣ ਦੀ ਸਥਿਤੀ ਬਾਰੇ ਸਾਰੀ ਗਿਆਤ ਜਾਣਕਾਰੀ ਮੈਨੂੰ ਦੇਣੀ ਚਾਹੀਦੀ ਹੈ ਜਿਸ ਵਿੱਚ ਸ਼ਾਮਲ ਹੈ ਅਨੁਮਾਨਤ ਤਾਰੀਖ ਜਦੋਂ ਗੋਦ ਲੈਣ ਦੀ ਪ੍ਰਕਿਰਿਆ ਮੁਕੰਮਲ ਹੋਈ ਸੀ, ਜੇ ਗੋਦ ਲੈਣ ਦੀ ਪ੍ਰਕਿਰਿਆ ਪੂਰੀ ਨਹੀਂ ਹੋਈ ਸੀ ਜਾਂ ਕਿਸੇ ਵੀ ਕਾਰਨ ਰੱਦ ਕਰ ਦਿੱਤੀ ਗਈ ਸੀ, ਤਾਂ ਕੀ ਮੇਰੇ ਬੱਚੇ ਦੀ ਗੋਦ ਲੈਣ ਦੀ ਸਪੁਰਦਗੀ ਬਾਰੇ ਮੁੜ ਤੋਂ ਵਿਚਾਰ ਕੀਤਾ ਜਾ ਰਿਹਾ ਹੈ।

____13. ਮੈਂ ਸਮਝਦਾ/ਸਮਝਦੀ ਹਾਂ ਕਿ ਅਦਾਲਤ ਵਿੱਚ ਮੇਰੇ ਬੱਚੇ ਨੂੰ ਗੋਦ ਲੈਣ ਬਾਰੇ ਪ੍ਰਵਾਨਗੀ ਦਿੱਤੇ ਜਾਣ ਤੋਂ ਬਾਅਦ ਕਿਸੇ ਵੀ ਖ਼ੂਨ ਦੇ ਰਿਸ਼ਤੇਦਾਰ ਦੇ ਸਾਰੇ ਉਤਰਾਧਿਕਾਰ ਖਤਮ ਹੋ ਜਾਣਗੇ ਜਦੋਂ ਤਕ ਕਿ ਉਹਨਾਂ ਨੇ ਆਪਣੀ ਵਸੀਅਤ ਵਿੱਚ ਜਾਂ ਕਿਸੇ ਟਰੱਸਟ ਵਿੱਚ ਇਸਦੇ ਲਈ ਪ੍ਰਬੰਧ ਨਹੀਂ ਕੀਤੇ ਹਨ ਜਿਸ ਵਿੱਚ ਖਾਸ ਤੌਰ 'ਤੇ ਮੇਰੇ ਬੱਚੇ ਦਾ ਨਾਮ ਸ਼ਾਮਲ ਕੀਤਾ ਜਾਂਦਾ ਹੈ। ਮੇਰਾ ਬੱਚਾ ਆਪਣੇ ਗੋਦ ਲੈਣ ਵਾਲੇ ਮਾਪੇ(ਮਾਪਿਆਂ) ਦਾ ਕਾਨੂੰਨੀ ਉਤਰਾਧਿਕਾਰੀ ਹੋਵੇਗਾ।

____14. ਮੈਂ ਸਮਝਦਾ/ਸਮਝਦੀ ਹਾਂ ਕਿ ਗੋਦ ਲੈਣ ਸਬੰਧੀ ਏਜੰਸੀ ਗੋਦ ਲੈਣ ਵਾਲੇ ਕੇਸ ਦੇ ਰਿਕਾਰਡ ਤੋਂ ਪਛਾਣ ਕਰਨ ਵਾਲੀ ਜਾਣਕਾਰੀ ਸਿਰਫ ਤਾਂ ਹੀ ਜਾਰੀ ਕਰ ਸਕਦੀ ਹੈ ਜਦੋਂ:

A. ਕਾਨੂੰਨ ਵਿੱਚ ਦਿੱਤੀਆਂ ਕੁਝ ਖਾਸ ਏਜੰਸੀਆਂ ਵੱਲੋਂ ਇਸਦੇ ਲਈ ਬੇਨਤੀ ਕੀਤੀ ਗਈ ਹੈ ਕਿਉਂਕਿ ਜਾਣਕਾਰੀ ਦੀ ਲੋੜ ਮੇਰੇ ਬੱਚੇ ਦੀ ਮਦਦ ਲਈ ਹੈ;

B. ਮੇਰੇ ਬੱਚੇ ਨੇ, ਜਦੋਂ ਉਹ ਬਾਲਗ ਹੋ ਜਾਂਦਾ/ਜਾਂਦੀ ਹੈ, ਅਤੇ ਮੈਂ ਪਛਾਣ ਕਰਨ ਵਾਲੀ ਜਾਣਕਾਰੀ ਜਾਰੀ ਕਰਨ ਲਈ ਸਹਿਮਤ ਹੋਣ ਵਾਸਤੇ ਫਾਰਮਾਂ 'ਤੇ ਦਸਤਖਤ ਕਰ ਦਿੱਤੇ ਹਨ, ਤਾਂ ਜੋ ਸੰਪਰਕ ਦਾ ਇੰਤਜ਼ਾਮ ਕੀਤਾ ਜਾ ਸਕੇ;

C. ਮੇਰਾ ਬੱਚਾ 21 ਸਾਲ ਦੀ ਉਮਰ ਦਾ ਹੋ ਗਿਆ ਹੈ, ਅਤੇ ਮੇਰੀ ਪਛਾਣ ਬਾਰੇ ਪੁੱਛਦਾ ਹੈ ਅਤੇ ਮੈਂ ਗੋਦ ਲੈਣ ਸਬੰਧੀ ਏਜੰਸੀ ਦੇ ਰਿਕਾਰਡਾਂ ਵਿੱਚ ਆਪਣੀ ਪਛਾਣ ਅਤੇ ਮੇਰੇ ਸਭ ਤੋਂ ਵਰਤਮਾਨ ਪਤੇ ਨੂੰ ਜਾਰੀ ਕਰਨ ਲਈ ਸਹਿਮਤ ਹੋਇਆ/ਹੋਈ ਹਾਂ;

D. ਮੇਰਾ ਬੱਚਾ 21 ਸਾਲ ਦੀ ਉਮਰ ਦਾ ਹੋ ਗਿਆ ਹੈ ਅਤੇ ਉਸ ਨੇ ਲਿਖਤੀ ਰੂਪ ਵਿੱਚ ਦੱਸਿਆ ਹੈ ਕਿ ਮੈਂ ਗੋਦ ਲੈਣ ਸਬੰਧੀ ਏਜੰਸੀ ਦੇ ਰਿਕਾਰਡਾਂ ਵਿੱਚ ਦੱਸੇ ਅਨੁਸਾਰ ਉਸਦਾ ਗੋਦ ਲਿਆ ਨਾਮ ਅਤੇ ਸਭ ਤੋਂ ਮੌਜੂਦਾ ਪਤਾ ਲੈ ਸਕਦਾ ਹਾਂ ਅਤੇ ਮੈਂ ਇਹ ਜਾਣਕਾਰੀ ਮੰਗੀ ਹੈ; ਜਾਂ

E. ਮੇਰਾ ਬੱਚਾ 21 ਸਾਲ ਤੋਂ ਘੱਟ ਉਮਰ ਦਾ ਹੈ ਅਤੇ ਗੋਦ ਲੈਣ ਸਬੰਧੀ ਏਜੰਸੀ ਨੇ ਇਹ ਦੇਖਿਆ ਹੈ ਕਿ ਏਜੰਸੀ ਦੇ ਰਿਕਾਰਡ ਵਿੱਚ ਦੱਸੇ ਮੁਤਾਬਕ ਮੇਰੀ ਪਛਾਣ ਅਤੇ ਮੇਰੇ ਸਭ ਤੋਂ ਵਰਤਮਾਨ ਪਤੇ ਨੂੰ ਜਾਰੀ ਕਰਨਾ ਕਾਨੂੰਨ ਮੁਤਾਬਕ ਉਚਿਤ ਹੈ।

____15. ਮੈਂ ਸਮਝਦਾ/ਸਮਝਦੀ ਹਾਂ ਕਿ ਮੈਂ ਉਸ ਏਜੰਸੀ ਦੇ ਰਿਕਾਰਡ ਵਿੱਚ ਆਪਣੇ ਬਾਰੇ ਜਾਣਕਾਰੀ ਵਿੱਚ ਕਿਸੇ ਵੀ ਸਮੇਂ ਵਾਧਾ ਕਰ ਸਕਾਂਗਾ/ਸਕਾਂਗੀ ਜੋ ਸੁਤੰਤਰ ਤੌਰ 'ਤੇ ਗੋਦ ਲੈਣ ਬਾਰੇ ਜਾਂਚ ਕਰਦੀ ਹੈ।

____16. ਮੈਂ ਸਮਝਦਾ/ਸਮਝਦੀ ਹਾਂ ਕਿ ਅਦਾਲਤ, ਬੇਨਤੀ 'ਤੇ ਵਿਚਾਰ ਕਰਨ ਤੋਂ ਬਾਅਦ, ਅਦਾਲਤ ਦੀ ਗੋਦ ਲੈਣ ਸਬੰਧੀ ਫਾਈਲ ਤੋਂ ਪਛਾਣ ਕਰਨ ਵਾਲੀ ਜਾਣਕਾਰੀ ਜਾਰੀ ਕਰ ਸਕਦੀ ਹੈ।

____17. ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੈਨੂੰ ਲਗਦਾ ਹੈ ਕਿ ਮੈਨੂੰ ਆਪਣੇ ਬੱਚੇ ਦੇ ਗੋਦ ਲੈਣ ਦੀ ਸਹਿਮਤੀ ਦੇਣ ਬਾਰੇ ਜਾਣਬੁੱਝ ਕੇ ਸੱਚਾਈ ਨਹੀਂ ਦੱਸੀ ਗਈ ਸੀ, ਤਾਂ ਮੇਰੇ ਕੋਲ ਗੋਦ ਲੈਣ ਦੀ ਪ੍ਰਕਿਰਿਆ ਪੂਰੀ ਹੋਣ ਦੀ ਤਾਰੀਖ ਤੋਂ ਬਾਅਦ ਤਿੰਨ ਸਾਲ ਜਾਂ ਧੋਖਾਧੜੀ ਬਾਰੇ ਪਤਾ ਲੱਗਣ ਦੇ 90 ਦਿਨਾਂ ਅੰਦਰ, ਜੋ ਵੀ ਪਹਿਲਾਂ ਹੁੰਦਾ ਹੈ, ਅਦਾਲਤ ਨੂੰ ਆਪਣੇ ਬੱਚੇ ਦੇ ਗੋਦ ਲੈਣ ਦੀ ਕਾਰਵਾਈ ਨੂੰ ਰੱਦ ਕਰਨ ਲਈ ਕਹਿਣ ਦਾ ਸਮਾਂ ਹੁੰਦਾ ਹੈ।

____18. ਮੈਂ ਸਮਝਦਾ/ਸਮਝਦੀ ਹਾਂ ਕਿ ਅਦਾਲਤ ਵਿੱਚ ਗੋਦ ਲੈਣ ਬਾਰੇ ਪ੍ਰਵਾਨਗੀ ਦੇਣ ਤੋਂ ਬਾਅਦ ਮੈਂ ਆਪਣੇ ਬੱਚੇ ਦਾ ਕਾਨੂੰਨੀ ਮਾਤਾ/ਪਿਤਾ ਨਹੀਂ ਰਹਾਂਗਾ। ਇਸਦਾ ਅਰਥ ਹੈ ਕਿ:

A. ਮੈਂ ਆਪਣੇ ਬੱਚੇ ਦੀ ਦੇਖਭਾਲ ਲਈ ਜ਼ਿੰਮੇਵਾਰ ਨਹੀਂ ਹੋਵਾਂਗਾ/ਹੋਵਾਂਗੀ;

B. ਗੋਦ ਲੈਣ ਵਾਲੇ ਸੰਭਾਵੀ ਮਾਤਾ/ਪਿਤਾ (ਮਾਪੇ), ਮਾਤਾ/ਪਿਤਾ (ਮਾਪੇ) ਹੋਣਗੇ ਅਤੇ ਮੇਰੇ ਬੱਚੇ ਦੀ ਦੇਖਭਾਲ ਲਈ ਕਾਨੂੰਨੀ ਤੌਰ 'ਤੇ ਜ਼ਿੰਮੇਵਾਰ ਹੋਣਗੇ;।

C. ਮੇਰੇ ਕੋਲ ਆਪਣੇ ਬੱਚੇ ਦੀ ਨਿਗਰਾਨੀ, ਸੇਵਾਵਾਂ, ਜਾਂ ਕਮਾਈ ਦਾ ਕੋਈ ਅਧਿਕਾਰ ਨਹੀਂ ਰਹੇਗਾ; ਅਤੇ

D. ਮੈਂ ਆਪਣੇ ਬੱਚੇ 'ਤੇ ਮੁੜ ਤੋਂ ਦਾਅਵਾ ਨਹੀਂ ਕਰ ਸਕਾਂਗਾ/ਸਕਾਂਗੀ।

___19. ਮੈਂ ਗੋਦ ਲੈਣ ਵਾਲੇ ਸੰਭਾਵੀ ਮਾਤਾ/ਪਿਤਾ (ਮਾਪਿਆਂ) ਬਾਰੇ ਅਤੇ ਗੋਦ ਲੈਣ ਵਾਲੇ ਸੰਭਾਵੀ ਮਾਤਾ/ਪਿਤਾ (ਮਾਪਿਆਂ) ਦੇ ਪਰਿਵਾਰ ਵਿੱਚ ਆਪਣੇ ਬੱਚੇ ਦੀ ਵਿਵਸਥਾ ਬਾਰੇ ਲੋੜੀਂਦੀ ਜਾਣਕਾਰੀ ਪ੍ਰਾਪਤ ਕਰ ਲਈ ਹੈ, ਅਤੇ ਮੈਂ ਗੋਦ ਦੇਣ ਵਾਲੇ ਫਾਰਮ 'ਤੇ ਸਹਿਮਤੀ ਲਈ ਦਸਤਖਤ ਕਰਨੇ ਚਾਹੁੰਦਾ/ਚਾਹੁੰਦੀ ਹਾਂ।

___20. ਮੈਂ ਆਪਣੇ ਬੱਚੇ ਨੂੰ ਰੱਖਣ ਜਾਂ ਗੋਦ ਦੇਣ ਲਈ ਸਹਿਮਤੀ ਦੇਣ ਵਾਸਤੇ ਕਾਰਨਾਂ ਬਾਰੇ ਧਿਆਨ ਨਾਲ ਵਿਚਾਰ ਕਰ ਲਿਆ ਹੈ। ਮੈਂ ਇਹ ਫੈਸਲਾ ਕਰ ਲਿਆ ਹੈ ਕਿ ਗੋਦ ਲੈਣ ਵਾਲੇ ਸੰਭਾਵੀ ਮਾਤਾ/ਪਿਤਾ (ਮਾਪਿਆਂ) ਦੁਆਰਾ ਮੇਰੇ ਬੱਚੇ ਨੂੰ ਗੋਦ ਲੈਣ ਲਈ ਸਹਿਮਤੀ ਦੇਣਾ ਮੇਰੇ ਬੱਚੇ ਦੇ ਹਿੱਤਾਂ ਲਈ ਸਭ ਤੋਂ ਚੰਗੀ ਗੱਲ ਹੈ। ਮੈਂ ਇਸ ਸਮਝ ਦੇ ਬਿਆਨ ਨੂੰ ਪੜ੍ਹ ਅਤੇ ਸਮਝ ਲਿਆ ਹੈ ਅਤੇ ਮੈਂ ਗੋਦ ਲੈਣ ਵਾਲੇ ਫਾਰਮ ਵਾਸਤੇ ਸਹਿਮਤੀ ਦਿੰਦਾ/ਦਿੰਦੀ ਹਾਂ। ਮੈਨੂੰ ਆਪਣਾ ਫੈਸਲਾ ਲੈਣ ਲਈ ਕੋਈ ਹੋਰ ਮਦਦ ਜਾਂ ਸਮੇਂ ਦੀ ਲੋੜ ਨਹੀਂ ਹੈ। ਮੈਂ ਗੋਦ ਲੈਣ ਵਾਲੇ ਸੰਭਾਵੀ ਮਾਤਾ/ਪਿਤਾ(ਮਾਪਿਆਂ) ਦੁਆਰਾ ਆਪਣੇ ਬੱਚੇ ਨੂੰ ਗੋਦ ਦੇਣ ਲਈ ਸਹਿਮਤੀ ਦੇਣ ਦਾ ਫੈਸਲਾ ਕੀਤਾ ਹੈ, ਅਤੇ ਮੈਂ ਇਸ 'ਤੇ ਸੁਤੰਤਰਤਾ ਅਤੇ ਇੱਛਾ ਨਾਲ ਦਸਤਖਤ ਕਰ ਰਿਹਾ/ਰਹੀ ਹਾਂ।

ਮੈਂ, ______________________________ , ______________________________ ਦਾ/ਦੀ ਮਾਤਾ/ਪਿਤਾ
ਸਹਿਮਤੀ ਦੇਣ ਵਾਲੇ ਮਾਤਾ/ਪਿਤਾ ਦਾ ਨਾਮ — ਬੱਚੇ ਦਾ ਨਾਮ

ਉਹਨਾਂ ਬਿਆਨਾਂ ਨੂੰ ਸਮਝਦਾ/ਸਮਝਦੀ ਹਾਂ ਅਤੇ ਉਹਨਾਂ ਨਾਲ ਸਹਿਮਤ ਹੁੰਦਾ/ਹੁੰਦੀ ਹਾਂ ਜਿਨ੍ਹਾਂ 'ਤੇ ਮੈਂ ਉੱਪਰ ਛੋਟੇ ਦਸਤਖਤ ਕੀਤੇ ਹਨ।

| ਸਹਿਮਤੀ ਦੇਣ ਵਾਲੇ ਮਾਤਾ/ਪਿਤਾ ਦੇ ਦਸਤਖਤ | ਮਿਤੀ |
|---|---|
| | |

## ਭਾਗ A:
## ਜੇ ਕੈਲੀਫੋਰਨੀਆ ਵਿੱਚ ਦਸਤਖਤ ਕੀਤੇ ਗਏ ਹਨ ਤਾਂ ਸੈਕਸ਼ਨ A ਭਰੋ

ਮੈਂ, ____________________________________________,
ਨਾਮ ਅਤੇ ਅਹੁਦਾ

______________________________ ਦਾ ਇੱਕ ਅਧਿਕਾਰਕ ਅਧਿਕਾਰੀ, ਇਸ ਸਮਝ ਦੇ ਬਿਆਨ 'ਤੇ ਦਸਤਖਤ ਕੀਤੇ ਜਾਣ
ਏਜੰਸੀ ਦਾ ਨਾਮ

ਦਾ ਗਵਾਹ ਹਾਂ ਜੋ ਕਿ ______________________________ ਦੁਆਰਾ ____________________ ਨੂੰ ਕੀਤੇ ਗਏ ਹਨ
ਸਹਿਮਤੀ ਦੇਣ ਵਾਲੇ ਮਾਤਾ/ਪਿਤਾ ਦਾ ਨਾਮ — ਮਿਤੀ

______________________________
ਅਧਿਕਾਰਕ ਅਧਿਕਾਰੀ ਦੇ ਦਸਤਖਤ

## ਭਾਗ B:
## ਜੇ ਕੈਲੀਫੋਰਨੀਆ ਤੋਂ ਬਾਹਰ ਦਸਤਖਤ ਕੀਤੇ ਗਏ ਹਨ ਤਾਂ ਸੈਕਸ਼ਨ B ਭਰੋ*

*****ਨੋਟਰੀ ਪਬਲਿਕ ਵੱਲੋਂ ਭਰਿਆ ਜਾਵੇ*****

***ਨੋਟਰੀ ਪਬਲਿਕ ਨੂੰ ਲਾਜ਼ਮੀ ਤੌਰ 'ਤੇ ਸਵੀਕਾਰਤਾ ਦਸਤਾਵੇਜ਼ ਨੂੰ ਇਸ ਫਾਰਮ ਨਾਲ ਨੱਥੀ ਕਰਨਾ ਚਾਹੀਦਾ ਹੈ ਅਤੇ ਹੇਠਾਂ ਦਸਤਖਤ ਕਰਨੇ ਚਾਹੀਦੇ ਹਨ ਅਤੇ ਤਾਰੀਖ ਲਿਖਣੀ ਚਾਹੀਦੀ ਹੈ।***

| ਨੋਟਰੀ ਦੇ ਦਸਤਖਤ | ਮਿਤੀ |
|---|---|
| | |

***ਜੇ ਅਮਰੀਕਾ ਤੋਂ ਬਾਹਰ ਦਸਤਖਤ ਕਰ ਰਹੇ ਹੋ ਤਾਂ ਇਹ ਭਾਗ ਲਾਜ਼ਮੀ ਤੌਰ 'ਤੇ ਕੈਲੀਫੋਰਨੀਆ ਸਿਵਿਲ ਕੋਡ ਦੇ ਸੈਕਸ਼ਨ 1183 ਦੀਆਂ ਲੋੜਾਂ ਨੂੰ ਪੂਰਾ ਕਰਦਾ ਹੋਵੇ।***

**ਸੈਕਸ਼ਨ C:**
**ਜੇ ਕੈਲੀਫੋਰਨੀਆ ਤੋਂ ਬਾਹਰ ਹਥਿਆਰਬੰਦ ਫੌਜਾਂ ਵਿੱਚ ਦਸਤਖਤ ਕੀਤੇ ਗਏ ਤਾਂ ਸੈਕਸ਼ਨ C ਭਰੋ।**

**ਇਹਨਾਂ ਦੀ ਹਾਜ਼ਰੀ ਵਿੱਚ ਦਸਤਖਤ ਕੀਤੇ ਗਏ (ਕੈਲੀਫੋਰਨੀਆ ਸਿਵਿਲ ਕੋਡ ਦੇ ਸੈਕਸ਼ਨ 1183.5 ਦੇ ਅਨੁਸਾਰ):**

ਇਸ ____________, _____________, 20_______ ਨੂੰ ਮੇਰੇ, ਨਿਮਨਹਸਤਾਖਰੀ ਅਫਸਰ, __________________________________ (ਅਫਸਰ ਦਾ ਨਾਮ), ਦੇ ਸਾਹਮਣੇ ______________________________________ (ਮਾਤਾ/ਪਿਤਾ ਦਾ ਨਾਮ) ਨਿੱਜੀ ਤੌਰ ਤੇ ਹਾਜ਼ਰ ਹੋਇਆ, ਜਿਸ ਨੂੰ ਮੈਂ ਜਾਣਦਾ/ਜਾਣਦੀ ਹਾਂ (ਜਾਂ ਤਸੱਲੀਬਖਸ਼ ਢੰਗ ਨਾਲ ਸਾਬਤ ਕੀਤਾ ਗਿਆ ਹੈ) ਕਿ ਉਹ (a) ਅਮਰੀਕਾ ਦੀਆਂ ਹਥਿਆਰਬੰਦ ਫੌਜਾਂ ਵਿੱਚ ਸੇਵਾ ਨਿਭਾਉਂਦਾ ਹੈ, (b) ਅਮਰੀਕਾ ਦੀਆਂ ਹਥਿਆਰਬੰਦ ਫੌਜਾਂ ਵਿੱਚ ਸੇਵਾ ਨਿਭਾਉਂਦੇ ਵਿਅਕਤੀ ਤਾ ਪਤੀ/ਪਤਨੀ ਹੈ, ਜਾਂ (c) ਅਮਰੀਕਾ ਦੇ ਬਾਹਰ ਅਤੇ ਕੈਨਾਲ ਜ਼ੋਨ, ਪਿਊਰਟੋ ਰਿਕੋ, ਗੁਆਮ, ਅਤੇ ਵਰਜਿਨ ਆਇਲੈਂਡ ਦੇ ਬਾਹਰ ਅਮਰੀਕਾ ਦੀਆਂ ਹਥਿਆਰਬੰਦ ਫੌਜਾਂ ਵਿੱਚ ਸੇਵਾ ਨਿਭਾਉਂਦਾ ਹੈ, ਉਹਨਾਂ ਦੁਆਰਾ ਨੌਕਰੀ 'ਤੇ ਰੱਖਿਆ ਗਿਆ ਹੈ, ਜਾਂ ਉਹਨਾਂ ਦੇ ਨਾਲ ਰਹਿੰਦਾ ਹੈ, ਅਤੇ ਉਹ ਵਿਅਕਤੀ ਹੈ ਜਿਸਦਾ ਨਾਮ ਦਸਤਾਵੇਜ਼ ਦੇ ਅੰਦਰ ਦਿੱਤਾ ਗਿਆ ਹੈ ਅਤੇ ਸਵੀਕਾਰ ਕਰਦਾ ਹੈ ਕਿ ਉਸ ਨੇ ਦਸਤਖਤ ਕੀਤੇ ਹਨ। ਅਤੇ ਨਿਮਨਹਸਤਾਖਰੀ ਅੱਗੇ ਇਹ ਵੀ ਪੁਸ਼ਟੀ ਕਰਦਾ/ਕਰਦੀ ਹੈ ਕਿ ਇਸ ਸਰਟੀਫਿਕੇਟ ਦੀ ਮਿਤੀ ਸਮੇਂ ਉਹ ਅਮਰੀਕਾ ਦੀਆਂ ਹਥਿਆਰਬੰਦ ਫੌਜਾਂ ਦਾ/ਦੀ ਕਮਿਸ਼ਨਡ ਅਫਸਰ ਹੈ ਜਿਸ ਕੋਲ ਯੂਨਾਈਟਿਡ ਸਟੇਟਸ ਕੋਡ (ਪਬਲਿਕ ਲਾਅ 90-632 ਅਤੇ 101-510) ਦੇ ਟਾਈਟਲ 10 ਦੇ ਸੈਕਸ਼ਨ 936 ਜਾਂ 1044a ਦੀਆਂ ਵਿਵਸਥਾਵਾਂ ਤਹਿਤ ਨੋਟਰੀ ਪਬਲਿਕ ਦੇ ਆਮ ਅਧਿਕਾਰ ਹਨ।

ਮੇਰੇ ਸਾਹਮਣੇ ______________, __________________, 20_______ ਨੂੰ ਵਾਇਦਾ ਕੀਤਾ ਗਿਆ ਅਤੇ ਸਹੁੰ ਚੁੱਕੀ ਗਈ।

| ਅਫਸਰ ਦੇ ਦਸਤਖਤ | ਰੈਂਕ ਅਤੇ ਲੜੀ ਨੰਬਰ |
|---|---|
| ਸੇਵਾ ਦੀ ਬ੍ਰਾਂਚ | ਹੈਸੀਅਤ, ਜਿਸਦੇ ਤਹਿਤ ਦਸਤਖਤ ਕੀਤੇ ਗਏ |